بِسۡمِ اللّٰہِ الرَّحۡمٰنِ الرَّحِیۡمِ        نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ        وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 20.07.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਿਆਂ ਵਾਲੇ ਸਹਾਬਾ ਕਰਾਮ ਰਿਜ਼ਵਾਨੁਲੱਾਹ ਅਲਅਹਿਮ ਅਜਮਾਈਨ ਦੀਆਂ ਇਮਾਨ ਵਧਾਉਣ ਵਾਲੀਆਂ ਗਲੱਾਂ ਦਾ ਦਿਲ ਨੂੰ ਛੂਹ ਲੈਂਣ ਵਾਲਾ ਅਤੇ ਮਨਮੋਹਕ ਵਰਨਣ

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 20 ਜੁਲਾਈ 2018 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਆਂਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਇਕ ਸਹਾਬੀ ਜਿੰਨ੍ਹਾਂ ਦਾ ਨਾਂ ਹਜ਼ਰਤ ਖ਼ਲੱਾਦ ਬਿਨ ਰਾਫ਼ਿ ਜ਼ਰਕੀ ਸੀ, ਆਪ ਅੰਸਾਰੀ ਸਨ । ਇਹ ਉਹਨਾਂ ਖ਼ੁਸ਼ਕਿਸਮਤ ਲੋਕਾਂ ਵਿੱਚ ਸ਼ਾਮਲ ਸਨ ਜੋ ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ । ਆਪ ਨੂੰ ਰੱਬ ਨੇ ਸੰਤਾਨ ਵੀ ਬਹੁਤ ਦਿੱਤੀ ਸੀ । ਇਕ ਰਿਵਾਇਤ ਵਿੱਚ ਆਉਂਦਾ ਹੈ ਕਿ ਮਆਜ਼ ਬਿਨ ਰਾਫ਼ਿ ਆਪਣੇ ਪਿਤਾ ਤੋਂ ਰਿਵਾਇਤ ਕਰਕਦੇ ਹਨ, ਮੈਂ ਆਪਣੇ ਭਰਾ ਹਜ਼ਰਤ ਖ਼ਲੱਾਦ ਬਿਨ ਰਾਫ਼ਿ ਦੇ ਨਾਲ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਨਾਲ ਇਕ ਅਤਿਅੰਤ ਕਮਜ਼ੋਰ ਊਠ ਉਪੱਰ ਸਵਾਰ ਹੋਕੇ ਬਦਰ ਵੱਲ ਨਿਕਲਿਆ ਇੱਥੋਂ ਤੱਕ ਕਿ ਅਸੀਂ ਬਰੀਦ ਸਥਾਨ ਉਪੱਰ ਪਹੁੰਚੇ ਜੋ ਰੋਹਾ ਦੇ ਸਥਾਨ ਤੋਂ ਪਿੱਛੇ ਹੈ, ਇੱਥੇ ਸਾਡਾ ਊਠ ਬਹਿ ਗਿਆ, ਤਾਂ ਮੈਂ ਦੁਆ ਕੀਤੀ ਕਿ ਹੇ ਸਾਡੇ ਰੱਬ, ਅਸੀਂ ਤੈਥੋਂ ਨਜ਼ਰ ਮੰਗਦੇ ਹਾਂ ਕਿ ਜੇਕਰ ਤੂੰ ਸਾਨੂੰ ਇਸ'ਤੇ ਮਦੀਨੇ ਪਰਤਾ ਦੇਵੇਂ ਤਾਂ ਅਸੀਂ ਇਸ ਨੂੰ ਕੁਰਬਾਨ ਕਰ ਦਿਆਂਗੇ । ਸੋ, ਅਸੀਂ ਇਸੇ ਹਾਲਤ ਵਿੱਚ ਸੀ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦਾ ਸਾਡੇ ਕੋਲੋਂ ਲਾਂਘਾਂ ਹੋਇਆ ਆਪ ਸਲਲੱਾਹੁ ਅਲੈਹਿ ਵਸਲਮ ਨੇ ਸਾਨੂੰ ਪੁੱਛਿਆ ਕਿ ਤੁਹਾਨੂੰ ਦੋਹਾਂ ਨੂੰ ਕੀ ਹੋਇਆ ਹੈ, ਅਸੀਂ ਆਪ ਜੀ ਨੂੰ ਸਾਰੀ ਗੱਲ ਦੱਸੀ । ਫਿਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਸਾਡੇ ਕੋਲ ਰੁਕੇ ਅਤੇ ਆਪ ਨੇ ਵੁਜ਼ੂ ਕੀਤਾ ਫਿਰ ਜੋ ਪਾਣੀ ਬਚਿਆ ਹੋਇਆ ਸੀ ਉਸ ਵਿੱਚ ਆਪਣੇ ਮੂੰਹ ਦੀ ਲਾਰ ਪਾਈ ਫਿਰ ਆਪ ਦੇ ਆਦੇਸ਼'ਤੇ ਅਸੀਂ ਉਸ ਦਾ ਮੂੰਹ ਖੋਲ ਦਿਤੱਾ ਆਪ ਨੇ ਊਠ ਦੇ ਮੂੰਹ ਵਿੱਚ ਕੁਝ ਪਾਣੀ ਪਾਇਆ ਫਿਰ ਕੁਝ ਪਾਣੀ ਉਸ ਦੇ ਸਿਰ, ਕੰਨ੍ਹਾ, ਮੋਢਿਆਂ, ਕੁਹਾਨ (ਕੁਬੜ), ਪਿੱਠ ਤੇ ਪਿੱਛੇ ਪੂਛ ਉਪੱਰ ਪਾਣੀ ਛਿੜਕਿਆ । ਫਿਰ ਆਪ ਸਲਲੱਾਹੁ ਅਲੈਹਿ ਵਸਲਮ ਨੇ ਦੁਆ ਕੀਤੀ ਕਿ ਹੇ ਅਲੱਾਹ ਰਾਫ਼ਿ ਤੇ ਖ਼ਲੱਾਦ ਨੂੰ ਇਸ ਉਪੱਰ ਸਵਾਰ ਕਰਕੇ ਲੈ ਜਾ । ਕਹਿੰਦੇ ਹਨ ਫਿਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਉੱਥੋਂ ਚਲੇ ਗਏ ਅਤੇ

ਅਸੀਂ ਵੀ ਚਲੱਣ ਲਈ ਖੜੇ ਹੋਏ ਅਤੇ ਰੱਲ ਪਏ, ਇੱਥੋਂ ਤੱਕ ਕਿ ਅਸੀਂ ਰਸੂਲੁਲੱਹ ਸਲਲੱਾਹੁ ਅਲੈਹਿ ਵਸਲਮ ਨੂੰ ਮੁਨਸਫ਼ ਦੇ ਸਥਾਨ ਦੇ ਅਰੰਭ ਵਿੱਚ ਹੀ ਜਾ ਫੜਿਆ ਅਤੇ ਸਾਡਾ ਊਠ ਕਾਫ਼ਲੇ ਵਿੱਚ ਸਭ ਤੋਂ ਅੱਗੇ ਸੀ, ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਜੱਦ ਸਾਨੂੰ ਦੇਖਿਆ ਤਾਂ ਮੁਸਕਰਾ ਦਿਤੱਾ । ਆਪ ਸਲਲੱਾਹੁ ਅਲੈਹਿ ਵਸਲਮ ਦੀ ਦੁਆ ਕਰਕੇ ਉਹ ਕਮਜੋਰੀ ਉਸ ਦੀ ਉਕੱਾ ਹੀ ਦੂਰ ਹੋ ਗਈ ਸੀ, ਕਹਿੰਦੇ ਹਨ ਅਸੀਂ ਚਲਦੇ ਰਹੇ ਇੱਥੋਂ ਤੱਕ ਕਿ ਬਦਰ ਦੇ ਸਥਾਨ ਉਪੱਰ ਪਹੁੰਚ ਗਏ । ਬਦਰ ਤੋਂ ਵਾਪਸੀ ਸਮੇਂ ਜੱਦ ਅਸੀਂ ਮੁਸਲੀ ਸਥਾਨ ਉਪੱਰ ਪਹੁੰਚੇ ਤਾਂ ਉਹ ਊਠ ਫਿਰ ਬਹਿ ਗਿਆ ਫਿਰ ਮੇਰੇ ਭਰਾ ਨੇ ਉਸ ਨੂੰ ਜ਼ਿਬਾਹ (ਹਲਾਲ) ਕਰ ਦਿਤੱਾ ਅਤੇ ਉਸ ਦਾ ਮਾਸ ਵੰਡ ਦਿਤੱਾ।

ਇਕ ਸਹਾਬੀ ਦਾ ਵਰਨਣ ਮਿਲਦਾ ਹੈ, ਉਹਨਾਂ ਦਾ ਨਾਂ ਹਜ਼ਰਤ ਹਾਰਸਾ ਬਿਨ ਸੁਰਾਕਾ ਸੀ, ਉਹਨਾਂ ਦੀ ਵਫ਼ਾਤ 2 ਹਿਜਰੀ ਵਿੱਚ ਬਦਰ ਦੀ ਜੰਗ ਦੇ ਮੌਕੇ ਹੋਈ ਸੀ । ਉਹਨਾਂ ਦੀ ਮਾਤਾ ਰਬੀਆ ਬਿੰਤ ਨਜ਼ਰ ਹਜ਼ਰਤ ਅਨਸ ਬਿਨ ਮਾਲਕ ਦੀ ਭੂਆ ਸਨ । ਹਿਜਰਤ ਤੋਂ ਪਹਿਲਾਂ ਮਾਤਾ ਦੇ ਨਾਲ ਇਹ ਇਸਲਾਮ ਵਿੱਚ ਦਾਖ਼ਲ ਹੋਏ ਜੱਦ ਕਿ ਆਪ ਦੇ ਪਿਤਾ ਫ਼ੌਤ ਹੋ ਚੁਕੇ ਸਨ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਅਪ ਦੇ ਅਤੇ ਹਜਰਤ ਸਾਇਬ ਬਿਨ ਉਸਮਾਨ ਬਿਨ ਮਜ਼ਊਨ ਵਿੱਚਕਾਰ ਸੰਬੰਧ ਬਣਵਾਏ ਸਨ । ਹਜ਼ਰਤ ਹਾਰਸਾ ਬਿਨ ਸੁਰਾਕਾ ਆਪਣੀ ਮਾਤਾ ਨਾਲ ਬਹੁਤ ਚੰਗੇ ਵਰਤਾਉ ਨਾਲ ਕੰਮ ਲੈਂਣ ਵਾਲੇ ਸਨ ਇੱਥੋਂ ਤੱਕ ਕਿ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਮੈਂ ਜਨੱਤ (ਸਵਰਗ) ਵਿੱਚ ਦਾਖ਼ਲ ਹੋਇਆ ਤਾਂ ਓਥੇ ਮੈਂ ਹਾਰਸਾ ਨੂੰ ਦੇਖਿਆ । ਹਬਾਨ ਬਿਨ ਅਰਕਾ ਨੇ ਬਦਰ ਦੇ ਦਿਨ ਆਪ ਨੂੰ ਸ਼ਹੀਦ ਕਰ ਦਿਤੱਾ । ਉਸ ਨੇ ਉਹਨਾਂ ਨੂੰ ਉਸ ਸਮੇਂ ਤੀਰ ਮਾਰਿਆ ਜੱਦ ਕਿ ਆਪ ਹੌਜ਼ ਵਿੱਚੋਂ ਪਾਣੀ ਪੀ ਰਹੇ ਸਨ, ਉਹ ਤੀਰ ਆਪ ਦੀ ਗਰਦਨ ਉਪੱਰ ਲਗੱਾ ਜਿਸ ਨਾਲ ਆਪ ਸ਼ਹੀਦ ਹੋ ਗਏ। ਇਕ ਮੌਕੇ'ਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਇਹਨਾਂ ਨੂੰ ਪੁੱਛਿਆ ਕਿ ਹੇ, ਹਾਰਸਾ ! ਤੁਸੀਂ ਕਿਸ ਹਾਲ ਵਿੱਚ ਸਵੇਰ ਕੀਤੀ । ਉਹਨਾਂ ਨੇ ਅਰਜ਼ ਕੀਤੀ ਕਿ ਮੈਂ ਇਸ ਹਾਲ ਵਿੱਚ ਸਵੇਰ ਕੀਤੀ ਕਿ ਮੈਂ ਨਿਸ਼ਚੇ ਹੀ ਰੱਬ ਉਪੱਰ ਹਕੀਕੀ ਇਮਾਨ ਰਖੱਦਾ ਹਾਂ । ਆਪ ਸਲਲੱਾਹੁ ਅਲੈਹ ਵਸਲਮ ਨੇ ਫ਼ਰਮਾਇਆ ਦੇਖੋ ਕੀ ਕਹਿ ਰਹੇ ਹੋ ਕਿਉਂਕਿ ਹਰ ਗੱਲ ਦੀ ਇਕ ਸਚੱਾਈ ਹੁੰਦੀ ਹੈ । ਇਸ ਨੌਜੁਆਨ ਨੇ ਅਰਜ਼ ਕੀਤੀ, ਹੇ, ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ! ਮੇਰਾ ਦਿਲ ਦੁਨੀਆਂ ਤੋਂ ਊਬ ਗਿਆ ਹੈ ਮੈਂ ਸਾਰੀ ਰਾਤ ਜਾਗਦਾ ਹਾਂ ਅਤੇ ਫਿਰ ਦਿਨ ਭਰ ਪਿਆਸਾ ਰਹਿੰਦਾ ਹਾਂ ਅਰਥਾਤ ਇਬਾਦਤ ਕਰਦਾ ਹਾਂ ਅਤੇ ਰੋਜ਼ੇ ਰਖੱਦਾ ਹਾਂ ਅਤੇ ਮੈਂ ਸੰਭਵਤਾ ਆਪਣੇ ਜਲਾਲ ਵਾਲੇ ਪਰਵਰਦਿਗਾਰ ਦਾ ਅਰਸ਼ ਆਪਣੀਆਂ ਜ਼ਾਹਿਰੀ ਅਖੱਾਂ ਨਾਲ ਦੇਖ ਰਿਹਾ ਹਾਂ ਅਤੇ ਮੈਂ ਸੰਭਵਤਾ ਮੈਂ ਸਵਰਗ ਵਾਸੀਆਂ ਨੂੰ ਦੇਖ ਰਿਹਾ ਹਾਂ ਕਿ ਸੰਭਵਤਾ ਅਸੀਂ ਇਕ ਦੂਜੇ ਨੂੰ ਮਿਲ ਰਹੇ ਹਾਂ ਅਤੇ ਸੰਭਵਤਾ ਨਰਕ ਵਾਸੀਆਂ ਨੂੰ ਦੇਖ ਰਿਹਾ ਹਾਂ ਕਿ ਉਹ ਇਸ ਵਿੱਚ ਰੌਲ੍ਹਾ ਪਾ ਰਹੇ ਹਨ । ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਤੁਸੀਂ ਇਸ'ਤੇ ਕਾਇਮ ਰਹੋ ਤੁਸੀਂ ਇਕ ਅਜਿਹੇ ਬੰਦੇ ਹੋ ਜਿਸ ਦੇ ਦਿਲ ਵਿੱਚ ਰੱਬ ਨੇ ਇਮਾਨ ਨੂੰ ਰੌਸ਼ਨ ਕਰ ਦਿਤੱਾ ਹੈ ਫਿਰ ਉਸਨੇ ਅਰਜ਼ ਕੀਤੀ ਹੇ, ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਮੇਰੇ ਲਈ ਸ਼ਹਾਦਤ ਲਈ ਦੁਆ ਕਰੀਏ, ਸੋ, ਰਸੂਲੁਲਹ ਸਲਲੱਾਹੁ ਅਲੈਹਿ ਵਸਲਮ ਨੇ ਉਹਨਾਂ ਲਈ ਦੁਆ ਕੀਤੀ । ਵਰਨਣ ਕੀਤਾ ਜਾਂਦਾ ਹੈ ਕਿ ਇਹ ਪਹਿਲੇ ਅੰਸਾਰੀ ਸਨ ਜੋ ਬਦਰ ਦੀ ਜੰਗ ਵਿੱਚ ਸ਼ਹੀਦ ਹੋਏ । ਹਜ਼ਰਤ ਹਾਰਸਾ ਦੀ ਸ਼ਹਾਦਤ ਦੀ ਖ਼ਬਰ ਜੱਦ ਉਹਨਾਂ ਦੀ ਮਾਤਾ ਨੂੰ ਮਿਲੀ ਤਾਂ ਉਹਨਾਂ ਦੀ ਮਾਤਾ ਹਜ਼ਰਤ ਰਬੀਆ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਕੋਲ ਆਈ ਅਤੇ ਅਰਜ਼ ਕੀਤੀ ਕਿ ਆਪ ਨੂੰ ਪਤਾ ਹੈ ਕਿ ਮੈਂਨੂੰ ਹਰਸਾ ਕਿੰਨ੍ਹਾ ਪਿਆਰਾ ਸੀ, ਬਹੁਤ ਸੇਵਾ ਕਰਿਆ ਕਰਦੇ ਸਨ, ਜੇਕਰ ਉਹ ਸਵਰਗ ਵਾਸੀਆਂ ਵਿੱਚੋਂ ਹੈ ਤਾਂ ਮੈਂ ਸਬਰ ਕਰ ਲਿਆਂਗੀ ਅਤੇ ਜੇਕਰ ਅਜਿਹਾ ਨਹੀਂ ਤਾਂ ਫਿਰ ਰੱਬ ਹੀ ਜਾਣਦਾ ਹੈ ਕਿ ਮੈਂ ਕੀ ਕਰਾਂਗੀ । ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ, ਹੇ, ਉਮੇ ਹਾਰਸਾ

ਜਨੱਤ (ਸਵਰਗ) ਇਕ ਨਹੀਂ ਸਗੋਂ ਕਈ ਜਨੱਤਾਂ ਹਨ ਅਤੇ ਹਾਰਸਾ ਤਾਂ ਫ਼ਿਰਦੌਸ ਆਲਾ ਵਿੱਚ ਹੈ, ਇਸ'ਤੇ ਉਸ ਦੀ ਮਾਤਾ ਵਾਪਸ ਚਲੀ ਗਈਂ, ਇਸ ਹਾਲਤ ਵਿੱਚ ਉਹ ਮੁਸਕਰਾ ਰਹੀ ਸਨ ਅਤੇ ਇਹ ਕਹਿ ਰਹੀ ਸਨ ਕਿ ਵਾਹ ਵਾਹ ਹੇ ਹਾਰਸਾ ।

ਫਿਰ ਇਕ ਸਹਾਬੀ ਹਜ਼ਰਤ ਇਬਾਦ ਬਿਨ ਬਸ਼ਰ ਯਮਾਮਾ ਦੀ ਜੰਗ ਗਿਆਰ੍ਹਾਂ ਹਿਜਰੀ ਵਿੱਚ ਇਹਨਾਂ ਦੀ ਵਫ਼ਾਤ ਹੋਈ ਸੀ । ਹਜ਼ਰਤ ਇਬਾਦ ਬਿਨ ਬਸ਼ਰ ਦਾ ਸਿਰਨਾਵਾਂ ਅਬੂ ਬਸ਼ਰ ਅਤੇ ਅਬੂ ਰਬੀਅ ਹੈ ਇਹਨਾ ਦਾ ਸੰਬੰਧ ਕਬੀਲਾ ਬਨੂ ਅਬਦੁਲ ਅਸ਼ਹਲ ਨਾਲ ਸੀ, ਇਹਨਾਂ ਦੀ ਸੰਤਾਨ ਵਿੱਚ ਕੇਵਲ ਇਕ ਬੇਟੀ ਸੀ ਉਹ ਵੀ ਫ਼ੌਤ ਹੋ ਗਈ । ਇਹਨਾਂ ਨੇ ਮਦੀਨੇ ਵਿੱਚ ਹਜ਼ਰਤ ਮਸਅਬ ਬਿਨ ਉਮੈਰ ਦੇ ਹੱਥ'ਤੇ ਹਜ਼ਰਤ ਸਾਅਦ ਬਿਨ ਮਆਜ਼ ਅਤੇ ਹਜ਼ਰਤ ਉਸੈਦ ਬਿਨ ਹਜ਼ੀਰ ਤੋਂ ਪਹਿਲਾਂ ਇਸਲਾਮ ਕੁਬੂਲ ਕੀਤਾ । ਮਦੀਨੇ ਵਿੱਚ ਸੰਬੰਧ ਬਣਾਉਣ ਦੇ ਸਮੇਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਆਪ ਨੂੰ ਹਜ਼ਰਤ ਅਬੂ ਹਨੀਫ਼ਾ ਬਿਨ ਉਕਬਾ ਦਾ ਭਰਾ ਬਣਾਇਆ । ਹਜ਼ਰਤ ਇਬਾਦ ਬਿਨ ਬਸ਼ਰ ਬਦਰ, ਉਹਦ, ਖ਼ੰਦਕ ਅਤੇ ਸਾਰੀਆਂ ਜੰਗਾਂ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਹੋਏ । ਆਪ ਉਹਨਾਂ ਸਹਾਬੀਆਂ ਵਿੱਚ ਸ਼ਾਮਲ ਸਨ ਜਿੰਨ੍ਹਾ ਨੂੰ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਕਾਅਬ ਬਿਨ ਅਸ਼ਰਫ਼ ਨੂੰ ਮਾਰਨ ਕਰਨ ਲਈ ਭੇਜਿਆ ਸੀ ।

ਆਂਹਜ਼ਰਤ ਸਲਲੱਾਹੁ ਅਲੈਹਿ ਨੇ ਇਹ ਨਿਰਦੇਸ਼ਲ ਦਿਤੱਾ ਕਿ ਕਾਅਬ ਨੂੰ ਪੂਰੀ ਤਰ੍ਹਾਂ ਸਾਹਮਣੇ ਲਿਆਕੇ ਨ ਮਾਰਿਆ ਜਾਵੇ, ਸਗੋਂ ਕੁਝ ਲੋਕ ਖ਼ਮੋਸ਼ੀ ਨਾਲ ਕੋਈ ਉਚਿਤ ਮੌਕਾ ਕਢੱਕੇ ਉਸ ਨੂੰ ਮਾਰ ਦੇਣ ਅਤੇ ਇਹ ਡਿਊਟੀ ਆਪ ਨੇ ਕਬੀਲਾ ਔਸ ਦੇ ਇਕ ਇਮਾਨਦਾਰ ਸਹਾਬੀ ਮੁਹਮੱਦ ਬਿਨ ਮਸਲਮਾ ਦੇ ਸੁਪੁਰਦ ਕੀਤੀ ਅਤੇ ਉਹਨਾਂ ਨੂੰ ਤਕੀਦ ਕੀਤੀ ਕਿ ਜੋ ਤਰੀਕਾ ਵੀ ਅਪਨਾਉਣ ਕਬੀਲਾ ਔਸ ਦੇ ਰਈਸ ਸਾਅਦ ਬਿਨ ਮਆਜ਼ ਦੇ ਮਸ਼ਵਰੇ ਨਾਲ ਕਰਨ । ਮੁਹਮੱਦ ਬਿਨ ਮਸਲਮਾ ਨੇ ਅਰਜ਼ ਕੀਤੀ, ਹੇ ਰਸੂਲੁਲੱਾਹ ਖ਼ਮੋਸ਼ੀ ਨਾਲ ਮਾਰਨ ਲਈ ਕੋਈ ਗੱਲ ਆਖਣੀ ਹੋਵੇਗੀ, ਕੋਈ ਕਾਰਣ ਆਦਿ ਬਨਾਉਣਾ ਪਏਗਾ ਜਿਸ ਦੀ ਮਦਦ ਨਾਲ ਕਾਅਬ ਨੂੰ ਉਸ ਦੇ ਘਰੋ ਕਢੱਕੇ ਕਿਸੇ ਸੁਰੱਖਿਅਤ ਥਾਂ ਵਿੱਚ ਮਾਰਿਆ ਜਾ ਸਕੇ । ਆਪ ਦੇ ਇਸ ਦੀ ਆਗਿਆ ਦੇ ਦਿੱਤੀ ।

ਆਪ ਨੇ ਇਹਨਾਂ ਮਹਾਨ ਪ੍ਰਭਾਵਾਂ ਦਾ ਲਿਹਾਜ਼ ਰੱਖਦਿਆਂ ਹੋਇਆ ਜੋ ਉਸ ਮੌਕੇ'ਤੇ ਇਕ ਖ਼ਮੋਸ਼ ਦੰਡ ਦੇ ਤਰੀਕੇ ਨੂੰ ਛਡੱਣ ਕਰਕੇ ਹੋ ਸਕਦੇ ਸਨ ਫ਼ਰਮਾਇਆ ਕਿ ਅਛੱਾ । ਸੋ, ਮੁਹਮੱਦ ਬਿਨ ਸਲਮਾ ਨੇ ਸਾਅਦ ਬਿਨ ਮਆਜ਼ ਦੇ ਮਸ਼ਵਰੇ ਨਾਲ ਅਬੂ ਨਾਇਲਾ ਅਤੇ ਦੋ ਤਿੰਨ ਹੋਰ ਸਹਾਬੀਆਂ ਨੂੰ ਆਪਣੇ ਨਾਲ ਲਿਆ ਅਤੇ ਕਾਅਬ ਦੇ ਘਰ ਪਹੁੰਚੇ ਅਤੇ ਕਾਅਬ ਨੂੰ ਉਸ ਦੇ ਘਰੋਂ ਬੁਲਾ ਕੇ ਕਿਹਾ ਕਿ ਸਾਡੇ ਸਾਹਬ ਅਰਥਾਤ ਮੁਹਮੱਦ ਸਲਲੱਾਹੁ ਅਲੈਹਿ ਵਸਲਮੱ ਸਾਡੇ ਕੋਲੋ ਸਦਕਾ ਮੰਗਦੇ ਹਨ ਅਤੇ ਅਸੀਂ ਤੰਗ ਹਾਲ ਹਨ ਕੀ ਤੁਸੀਂ ਸਾਨੂੰ ਕੁਝ ਕਰਜ਼ਾ ਦੇ ਸਕਦੇ ਹੋ । ਇਹ ਗੱਲ ਸੁਣਕੇ ਕਾਅਬ ਖ਼ੁਸ਼ੀ ਨਾਲ ਉਛਲ ਪਿਆ, ਕਹਿਣ ਲਗੱਾ ਵਲੱਾਹ ਹੁਣ ਕੀ ਹੈ ਉਹ ਦਿਨ ਦੂਰ ਨਹੀਂ ਜੱਦ ਤੁਸੀਂ ਉਸ ਵਿਅਕਤੀ ਤੋਂ ਤੰਗ ਆਕੇ ਉਸ ਨੂੰ ਛੱਡ ਦਿਓਗੇ । ਇਸ'ਤੇ ਮੁਹਮੱਦ ਨੇ ਉਤੱਰ ਦਿਤੱਾ, ਖ਼ੈਰ ਅਸੀਂ ਤਾਂ ਮੁਹਮੱਦ ਸਲਲੱਾਹੁ ਅਲੈਹਹਿ ਵਸਲਮ ਦੀ ਪੈਰ੍ਹਵੀ ਧਾਰਨ ਕਰ ਚੁਕੇ ਹਾਂ ਅਤੇ ਹੁਣ ਅਸੀਂ ਦੇਖ ਰਹੇ ਹਾਂ ਕਿ ਇਸ ਸਿਲਸਿਲੇ ਦਾ ਕੀ ਅੰਜਾਮ ਹੁੰਦਾ ਹੈ, ਪਰ ਤੁਸੀਂ ਦੱਸੋ ਕਿ ਕਰਜ਼ਾ ਦਿਓਗੇ ਜਾਂ ਨਹੀਂ । ਕਾਅਬ ਨੇ ਕਿਹਾ ਕਿ ਹਾਂ ਪਰ ਕੋਈ ਚੀਜ਼ ਰਹਿਨ (ਗਹਿਣੇ) ਰੱਖੋ । ਮੁਹਮੱਦ ਨੇ ਪੁੱਛਿਆ ਕੀ ਚੀਜ਼ ? ਉਸ ਬਦਬਖ਼ਤ ਨੇ ਉਤੱਰ ਦਿਤੱਾ ਕਿ ਆਪਣੀਆਂ ਇਸਤਰੀਆਂ ਗਹਿਣੇ ਰੱਖ ਦਿਓ । ਮੁਹਮੱਦ ਨੇ ਗੁੱਸੇ ਨੂੰ ਦਬਾਕੇ ਕਿਹਾ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਤੁਹਾਡੇ ਜਿਹੇ ਵਿਅਕਤੀ ਦੇ ਕੋਲ ਅਸੀਂ ਆਪਣੀਆਂ ਇਸਤਰੀਆਂ ਗਹਿਣੇ ਰੱਖ ਦੇਈਏ, ਤੁਹਾਡਾ ਤਾਂ ਕੋਈ ਭਰੋਸਾ ਨਹੀਂ । ਉਸ ਨੇ ਕਿਹਾ ਅਛੱਾ ਤਾਂ ਫਿਰ ਪੁਤੱਰ ਸਹੀ । ਮੁਹਮੱਦ ਨੇ ਉਤੱਰ ਦਿਤੱਾ ਇਹ ਵੀ ਅਸੰਭਵ ਹੈ ਕਿ ਅਸੀਂ

ਆਪਣੇ ਪੁਤੱਰ ਤੁਹਾਡੇ ਕੋਲ ਰੱਖ ਦੇਈਏ । ਅਸੀਂ ਸਾਰੇ ਅਰਬ ਦੇ ਮਿਹਣੇ ਆਪਣੇ ਸਿਰ ਨਹੀਂ ਲੈ ਸਕਦੇ । ਹਾਂ, ਜੇਕਰ ਤੁਸੀਂ ਮਿਹਬਾਨੀ ਕਰੋ ਤਾਂ ਅਸੀਂ ਆਪਣੇ ਹੱਥਿਆਰ ਗਹਿਣੇ ਰੱਖ ਦਿੰਦੇ ਹਾਂ । ਕਾਅਬ ਰਾਜ਼ੀ ਹੋ ਗਿਆ ਅਤੇ ਮੁਹਮੱਦ ਬਿਨ ਮਸਲਮਾ ਅਤੇ ਉਹਨਾਂ ਦੇ ਸਾਥੀ ਰਾਤ ਨੂੰ ਆਉਣ ਦਾ ਵਚਨ ਦੇਕੇ ਵਾਪਸ ਚਲੇ ਆਏ । ਜੱਦ ਰਾਤ ਹੋਈ ਤਾਂ ਇਹ ਪਾਰਟੀ ਹੱਥਿਆਰ ਆਦਿ ਲੈਕੇ ਕਿਉਂਕਿ ਹੁਣ ਉਹ ਖੁੱਲੇ ਤੌਰ'ਤੇ ਹੱਥਿਆਰ ਨਾਲ ਲੈਕੇ ਜਾ ਸਕਦੇ ਸਨ ਕਾਅਬ ਦੇ ਘਰ ਪਹੁੰਚੇ ਅਤੇ ਉਸ ਨੂੰ ਘਰੋਂ ਬਾਹਰ ਬੁਲਾਕੇ ਗਲੱਾਂ ਕਰਦੇ ਰਹੇ ਅਤੇ ਇਕ ਪਾਸੇ ਲੈ ਆਏ ਅਤੇ ਫਿਰ ਥੋੜੇ ਚਿਰ ਪਿੱਛੋਂ ਚਲਦਿਆਂ ਚਲਦਿਆਂ ਉਸ ਨੂੰ ਕਾਬੂ ਕਰਕੇ ਉਹ ਸਹਾਬਾ ਜੋ ਪਹਿਲਾਂ ਹੱਥਿਆਰਬੰਦ ਸਨ, ਉਹਨਾਂ ਨੇ ਤਲਵਾਰ ਚਲਾਈ ਅਤੇ ਉਸ ਨੂੰ ਕਤਲ ਕਰ ਦਿਤੱਾ । ਬਹਿਰਹਾਲ ਕਾਅਬ ਕਤਲ ਹੋਕੇ ਡਿੱਗਿਆ ਅਤੇ ਮੁਹਮੱਦ ਬਿਨ ਮਸਲਮਾ ਅਤੇ ਉਹਨਾਂ ਦੇ ਸਾਥੀ ਓਥੋਂ ਨਿਕਲ ਗਏ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਹਾਜ਼ਰ ਹੋਏ ਅਤੇ ਆਪ ਨੂੰ ਉਸ ਦੇ ਕਤਲ ਦੀ ਖ਼ਬਰ ਦਿੱਤੀ । ਜੱਦ ਕਾਅਬ ਦੇ ਕਤਲ ਦੀ ਖ਼ਬਰ ਮਸ਼ਹੂਰ ਹੋਈ ਤਾਂ ਸ਼ਹਿਰ ਵਿੱਚ ਸਨਸਨੀ ਫੈਲ ਗਈ ਅਤੇ ਯਹੂਦੀ ਲੋਕ ਬਹੁਤ ਜੋਸ਼ ਵਿੱਚ ਆ ਗਏ ਅਤੇ ਦੂਜੇ ਦਿਨ ਸਵੇਰੇ ਯਹੂਦੀਆਂ ਦਾ ਇਕ ਜਥੱਾ ਹਜ਼ਰਤ ਮੂਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਹਾਜ਼ਰ ਹੋਇਆ ਅਤੇ ਸ਼ਿਕਾਇਤ ਕੀਤੀ ਕਿ ਸਾਡਾ ਸਰਦਾਰ ਕਾਅਬ ਬਿਨ ਅਸਰਫ਼ ਇਸ ਪ੍ਰਕਾਰ ਕਤਲ ਕਰ ਦਿਤੱਾ ਗਿਆ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਉਹਨਾਂ ਦੀਆਂ ਗਲੱਾਂ ਸੁਣਕੇ ਫ਼ਰਮਾਇਆ ਕਿ ਕੀ ਤੁਹਾਨੂੰ ਇਹ ਵੀ ਪਤਾ ਹੈ ਕਿ ਕਾਅਬ ਕਿਹੜੇ ਕਿਹੜੇ ਜੁਰਮਾ ਦਾ ਭਾਗੀ ਹੈ ਅਤੇ ਫਿਰ ਆਪ ਨੇ ਉਹਨਾਂ ਨੂੰ ਸਾਮੂਹਿਕ ਰੂਪ ਵਿੱਚ ਕਾਅਬ ਦੇ ਵਚਨ ਭੰਨਣ, ਜੰਗ ਦੀ ਤਹਿਰੀਕ, ਫਿਤਨੇ ਮਚਾਉਣੇ, ਅਸ਼ਲੀਲਤਾ ਅਤੇ ਕਤਲ ਦੀਆਂ ਸਾਜ਼ਸ਼ਾਂ ਆਦਿ ਦੀਆਂ ਅਨੇਕਾਂ ਕਾਰਵਾਈਆਂ ਚੇਤੇ ਕਰਾਈਆਂ ਜਿਸ'ਤੇ ਲੋਕ ਡਰਕੇ ਚੁੱਪ ਹੋ ਗਏ, ਇਸ ਦੇ ਬਾਦ ਹਜ਼ਰਤ ਮੂਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਉਹਨਾਂ ਨੂੰ ਫ਼ਾਰਮਾਇਆ ਕਿ ਤੁਹਾਨੂੰ ਚਾਹੀਦਾ ਹੈ ਕਿ ਘੱਟੋ ਘੱਟ ਭਵਿੱਖ ਲਈ ਹੀ ਅਮਨ, ਸ਼ਾਂਤੀ ਤੇ ਸਹਿਯੋਗ ਨਾਲ ਰਹੋ ਅਤੇ ਦੁਸ਼ਮਣੀਆਂ ਤੇ ਫ਼ਸਾਦਾਂ ਦੇ ਬੀ ਨ ਬੀਜੋ । ਸੋ, ਯਹੂਦੀਆਂ ਦੀ ਰਜ਼ਾਮੰਦੀ ਨਾਲ ਭਵਿੱਖ ਲਈ ਇਕ ਨਵਾਂ ਮੁਆਇਹਦਾ (ਸੰਧੀ ਪਤੱਰ) ਲਿੱਖਿਆ ਗਿਆ ਅਤੇ ਯਹੂਦੀਆਂ ਨੇ ਮੁਸਮਲਮਾਨਾਂ ਨਾਲ ਅਮਨ ਤੇ ਸ਼ਾਂਤੀ ਨਾਲ ਰਹਿਣ ਅਤੇ ਫਿਤਨੇ ਫ਼ਸਾਦਾਂ ਦੇ ਤਰੀਕਿਆਂ ਤੋਂ ਬਚਣ ਦਾ ਨਵੇਂ ਸਿਰਿਓਂ ਅਹਿਦ ਕੀਕਤਾ । ਆਪ ਸਲਲੱਾਹੁ ਅਲੈਹਿ ਵਸਲਮ ਨੇ ਉਹਨਾਂ ਦੀਆਂ ਗਲੱਾਂ ਸੁਣਕੇ ਇਹ ਨਹੀਂ ਫ਼ਰਮਾਇਆ ਕਿ ਮੁਸਲਮਾਨਾਂ ਨੇ ਉਸ ਨੂੰ ਕਤਲ ਨਹੀਂ ਕੀਤਾ ਸਗੋਂ ਉਸ ਦੇ ਜੁਰਮ ਗਿਣਾਏ ਅਤੇ ਉਸ ਦਾ ਜੋ ਪ੍ਰਕਟ ਸਿਟੱਾ ਨਿਕਲਣਾ ਚਾਹੀਦਾ ਸੀ ਉਹ ਦੱਸਿਆ ਕਿ ਕਤਲ ਤਾਂ ਹੋਣਾ ਸੀ ਉਸ ਨੂੰ । ਇਹਨਾਂ ਹਰਕਤਾਂ ਦੇ ਬਾਦ ਅਤੇ ਯਹੂਦੀਆਂ ਨੂੰ ਵੀ ਮੰਨ੍ਹਣਾ ਪਿਆ ਕਿ ਆਪ ਠੀਕ ਫ਼ਰਮਾ ਰਹੇ ਹਨ, ਤਾਂ ਹੀ ਤਾਂ ਨਵਾਂ ਸੰਧੀਨਾਮਾ ਕੀਤਾ ਕਿ ਇਸ ਪ੍ਰਕਾਰ ਦੀਆਂ ਵਾਰਦਤਾਂ ਭਵਿੱਖ ਵਿੱਚ ਨ ਹੋਣ ਅਤੇ ਫਿਰ ਸਾਂਤੀਮਈ ਵਾਤਾਵਰਣ ਫਿਰ ਤੋਂ ਕਾਇਮ ਹੋ ਜਾਏ ਇਹ ਨ ਹੋਵੇ ਕਿ ਹੁਣ ਯਹੂਦੀ ਮੁੜ੍ਹ ਬਦਲੇ ਲੈਂਣੇ ਸ਼ੁਰੂ ਕਰਨ ਫਿਰ ਮੁਨਲਮਾਨ ਉਹਨਾਂ ਨੂੰ ਦੰਡ ਦੇਣ । ਜੇਕਰ ਯਹੂਦੀ ਕਤਲ ਕੀਤਾ ਜਾਣਾ ਗਲਤ ਸਮਝਦੇ ਕਿ ਨਹੀਂ ਇਓਂ ਗ਼ਲਤ ਕੀਤਾ ਗਿਆ ਹੈ ਤਾਂ ਚੁੱਪ ਨਾ ਹੁੰਦੇ ਸਗੋਂ ਖ਼ੂਨ ਬਹਾ ਦੀ ਮੰਗ ਕਰਦੇ । ਇਹ ਮੰਗ ਤਾਂ ਉਹਨਾਂ ਨੇ ਕੀਤੀ ਹੀ ਨਹੀਂ ਅਤੇ ਚੁੱਪੀ ਦਿਖਾਈ ਤਾਂ ਇਹ ਸਾਰੀਆਂ ਗਲੱਾਂ ਦਸਦੀਆਂ ਹਨ ਕਿ ਉਸ ਸਮੇਂ ਦੇ ਕਾਨੂਨ ਅਨੁਸਾਰ ਇਹ ਕਤਲ ਉਚਿਤ ਸੀ । ਇਹ ਫਿਤਨਾ ਜੋ ਫੈਲਾ ਰਿਹਾ ਸੀ ਇਹ ਕਤਲ ਤੋਂ ਵੀ ਵਧੱਕੇ ਸੀ ਅਤੇ ਇਹੋ ਹੀ ਅਜਿਹੇ ਮੁਜਰਮ ਦੀ ਸਜ਼ਾ ਸੀ ਅਤੇ ਹੋਣੀ ਚਾਹੀਦੀ ਸੀ ਅਤੇ ਉਸ ਸਮੇਂ ਰੀਤੀ ਅਨੁਸਾਰ ਜਿਵੇਂ ਕਿ ਮੈਂ ਕਿਹਾ ਜੱਦ ਉਸ ਨੂੰ ਦੰਡ ਦਿਤੱਾ ਗਿਆ ਅਤੇ ਇਸ ਪ੍ਰਕਾਰ ਦੰਡ ਦਿਤੱਾ ਜਾ ਸਕਦਾ ਸੀ ਉਸ ਰਿਵਾਜ ਅਨੁਸਾਰ ਵੀ ਜੇਕਰ ਦੰਡ ਦਿਤੱਾ ਜਾ ਸਕਦਾ ਸੀ ਜਿਵੇਂ ਕਿ ਅਸੀਂ ਦੇਖਦੇ ਹਾਂ ਅਤੇ ਯਹੂਦੀਆਂ ਦੇ ਰਵੱਈਏ ਤੋਂ ਵੀ ਇਹੋ ਪ੍ਰਕਟ ਹੁੰਦਾ

ਹੈ ਤਾਂ ਫਿਰ ਇਤਰਾਜ਼ ਦੀ ਵੀ ਗੁੰਜਾਇਸ਼ ਨਹੀਂ ਜੇਕਰ ਨ ਦਿੱਤੀ ਜਾ ਸਕਦੀ ਹੁੰਦੀ ਤਾਂ ਯਹੂਦੀ ਨਿਸ਼ਚੇ ਹੀ ਪ੍ਰਸ਼ਨ ਚੁਕੱਦੇ ਕਿ ਮੁਕਦੱਮਾ ਚਲਾਕੇ ਅਤੇ ਫਿਰ ਪ੍ਰਕਟ ਰੂਪ ਵਿੱਚ ਖੁੱਲੇ ਤੋਰ'ਤੇ ਦੰਡ ਕਿਉਂ ਨਹੀਂ ਦਿਤੱਾ ਗਿਆ । ਸੋ, ਇਹ ਗਲੱਾਂ ਸਾਬਤ ਕਰਦੀਆਂ ਹਨ ਕਿ ਉਸ ਦਾ ਇਹ ਕਤਲ ਬਿਲਕੁਲ ਜਾਇਜ਼ ਸੀ ਅਤੇ ਇਹ ਦੰਡ ਸੀ ਪਰ ਇਹ ਵੀ ਸਪਸ਼ਟ ਹੋਣਾ ਚਾਹੀਦਾ ਹੈ ਕਿ ਅੱਜਕਲ ਦੇ ਕਟੱੜਵਾਦੀ ਦਲ ਅਜਿਹੀਆਂ ਗਲੱਾਂ ਤੋਂ ਗ਼ਲਤ ਸੈਂਸ (sense) ਵਿੱਚ ਗਲ ਕਰਦੇ ਹਨ ਅਤੇ ਇਸੇ ਪ੍ਰਕਾਰ ਸਰਕਾਰਾਂ ਵੀ ਅਤੇ ਇਹ ਸਮਝਦੇ ਹਨ ਕਿ ਇਸ ਪ੍ਰਕਾਰ ਕਤਲ ਕਰਨਾ ਜਾਇਜ਼ ਹੈ । ਅਵੱਲ ਤਾਂ ਫ਼ਿਤਨਾ ਇਸ ਪ੍ਰਕਾਰ ਫੈਲਾਇਆ ਨਹੀਂ ਜਾ ਰਿਹਾ ਜਿੰਨ੍ਹਾ ਨੂੰ ਕਤਲ ਕੀਤਾ ਜਾਂਦਾ ਹੈ ਉਹ ਫ਼ਿਤਨਾ ਫੈਲਾਉਣ ਵਾਲਿਆਂ ਵਿੱਚੋਂ ਨਹੀਂ ਹਨ, ਦੂਜਾ ਉੱਥੇ ਕੇਵਲ ਮੁਜਰਮ ਨੂੰ ਦੰਡ ਦਿਤੱਾ ਅਿਗਾ ਸੀ ਨ ਕਿ ਉਸ ਦੇ ਪਰਿਵਾਰ ਨੂੰ, ਨ ਕਿਸੇ ਹੋਰ ਨੂੰ, ਇਹ ਲੋਕ ਜੱਦ ਕਤਲ ਕਰਦੇ ਹਨ ਤਾਂ ਮਾਸੂਮਾ ਨੂੰ ਕਤਲ ਕਰ ਰਹੇ ਹਨ ਇਸਤਰੀਆਂ ਨੂੰ ਕਤਲ ਕਰ ਰਹੇ ਹਨ, ਬੱਚਿਆਂ ਨੂੰ ਕਤਲ ਕਰ ਰਹੇ ਹਨ, ਕਈ ਲੋਕਾਂ ਨੂੰ ਅਪਾਹਜ ਕਰ ਰਹ ਹਨ ਤਾਂ ਬਹਿਰਹਾਲ ਅੱਜ ਦੇ ਕਾਇਦੇ ਕਾਨੂਨ ਅਨੁਸਾਰ ਇਹ ਚੀਜ਼ ਜਾਇਜ਼ ਨਹੀਂ ਅਤੇ ਉਸ ਸਮੇਂ ਉਹ ਦੰਡ ਸਹੀ ਸੀ ਅਤੇ ਵਾਜਬ ਸੀ ਅਤੇ ਹੁਕੂਮਤ ਨੇ ਉਸ ਨੂੰ ਦਿੱਤੀ ਸੀ ।

ਹਜ਼ਰਤ ਇਬਾਦ ਬਿਨ ਬਸ਼ਰ ਦੀ ਗਿਣਤੀ ਬੁੱਧੀਮਾਨ ਸਹਾਬਾ ਵਿੱਚ ਹੁੰਦੀ ਸੀ । ਹਜ਼ਰਤ ਆਇਸ਼ਾ ਨੇ ਬਿਆਨ ਕੀਤਾ ਹੈ ਕਿ ਤਿੰਨ ਵਿਅਕਤੀ ਅੰਸਾਰ ਵਿੱਚੋਂ ਅਜਿਹੇ ਸਨ ਕਿ ਉਹਨਾਂ ਉਪੱਰ ਕਿਸੇ ਹੋਰ ਨੂੰ ਵੱਅਡਿਆਈ ਨਹੀਂ ਦਿੱਤੀ ਜਾ ਸਕਦੀ ਅਤੇ ਉਹ ਸਨ ਹਜ਼ਰਤ ਸਾਅਦ ਬਿਨ ਮਆਜ਼, ਹਜ਼ਰਤ ਉਸੈਦ ਬਿਨ ਹਜ਼ੀਰ ਅਤੇ ਹਜ਼ਰਤ ਇਬਾਦ ਬਿਨ ਬਸ਼ਰ ।

ਹਜ਼ਰਤ ਇਬਾਦ ਬਿਨ ਬਸ਼ਰ ਤੋਂ ਰਿਵਾਇਤ ਹੈ ਕਿ ਆਂਹਜ਼ੂਰ ਸਲਲਾਹੁ ਐਲਹਿ ਵਸਲਮ ਨੇ ਅੰਸਾਰ ਨੂੰ ਸੰਬੋਧਨ ਕਰਕੇ ਫ਼ਰਮਾਇਆ ਕਿ ਹੇ ਅੰਸਾਰ ਦੇ ਗਿਰੋਹ ਤੁਸੀਂ ਲੋਕ ਮੇਰੇ ਸ਼ਆਰ (ਆਦਰਸ਼) ਹੋ ਅਰਥਾਤ ਉਹ ਕਪੜਾ ਜੋ ਸਾਰਿਆਂ ਤੋਂ ਹੇਠਾਂ ਹੁੰਦਾ ਹੈ ਅਤੇ ਜੋ ਸ਼ਰੀਰ ਨਾਲ ਮਿਲਿਆ ਰਹਿੰਦਾ ਹੈ ਅਤੇ ਬਾਕੀ ਸਾਰੀ ਲੋਕ ਦਸਾਰ ਅਰਥਾਤ ਉਹ ਚਾਦਰ ਹਨ ਜੋ ਉਪੱਰੋਂ ਓੜ੍ਹੀ ਜਾਂਦੀ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਮੈਂਨੂੰ ਤਸੱਲੀ ਹੈ ਕਿ ਤੁਹਾਡੇ ਵੱਲੋਂ ਮੈਂਨੂੰ ਕੋਈ ਕਸ਼ਟ ਪਹੁੰਚਾਉਣ ਵਾਲੀ ਗੱਲ ਨਹੀਂ ਪਹੁੰਚੇਗੀ । ਹਜਰਤ ਇਬਾਦ ਬਿਨ ਬਸ਼ਰ ਯਮਾਮਾ ਦੀ ਜੰਗ ਵਿੱਚ 45 ਸਾਲ ਦੀ ਉਮਰ ਵਿੱਚ ਸ਼ਹੀਦ ਹੋਏ । ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਤੋਂ ਰਿਵਾਇਤ ਹੈ ਕਿ ਹਜ਼ਰਤ ਨਬੀ ਰੀਮ ਸਲਲੱਾਹੁ ਅਲੈਹਿ ਵਸਲਮ ਮੇਰੇ ਘਰ ਵਿੱਚ ਤਹਜੁੱਦ ਦੀ ਨਮਾਜ਼ ਪੜ੍ਹ ਰਹੇ ਸਨ ਕਿ ਐਨ੍ਹੇ ਵਿੱਚ ਆਪ ਨੇ ਇਬਾਦ ਬਿਨ ਬਸ਼ਰ ਦੀ ਆਵਾਜ਼ ਸੁਣੀ ਜੋ ਮਸਜਿਦ ਵਿੱਚ ਨਮਾਜ਼ ਪੜ੍ਹ ਰਹੇ ਸਨ ਆਪ ਸਲਲੱਾਹੁ ਅਲੈਹਿ ਵਸਲਮ ਨੇ ਪੁੱਛਿਆ ਆਇਸ਼ਾ ਕੀ ਇਹ ਇਬਾਦ ਦੀ ਅਵਾਜ਼ ਹੈ ਮੈਂ ਕਿਹਾ ਹਾਂ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਹੇ ਅਲੱਾਹ ਇਬਾਦ ਉਪੱਰ ਰਹਿਮ ਕਰ । ਸੁਲਾਹ ਹੁਦੈਬੀਆ ਦੇ ਸਫ਼ਰ ਵਿੱਚ ਵੀ ਸ਼ਾਮਲ ਸਨ ।

ਆਂਹਜ਼ਰ ਸਲਲੱਾਹੁ ਅਲੈਹਿ ਵਸਲਮ ਨੇ ਮੁਸਲਮਾਨਾਂ ਦੇ ਵੱਡੇ ਵੱਡੇ ਇਕੱਠ ਦੇ ਅੱਗੇ ਅੱਗੇ ਰਹਿਣ ਲਈ ਹਜ਼ਰਤ ਇਬਾਦ ਬਿਨ ਬਸ਼ਰ ਦੀ ਕਮਾਨ ਵਿੱਚ ਵੀਹ ਸਵਾਰਾਂ ਦਾ ਇਕ ਦਸਤਾ ਨਿਯੁਕਤ ਕੀਤਾ । ਆਪ ਬਹੁਤ ਹੀ ਭਰੋਸੇ ਯੋਗ ਸਹਾਬੀ ਸਨ । ਹੁਦੈਬੀਆ ਦੇ ਮੌਕੇ'ਤੇ ਹੋਣ ਵਾਲੀ ਬੈਅਤੇ ਰਿਜ਼ਵਾਨ ਵਿੱਚ ਵੀ ਆਪ ਸ਼ਾਮਲ ਸਨ । ਜ਼ਾਤੁਰ ਰਿਕਾਅ ਦੀ ਜੰਗ ਸਮੇਂ ਵੀ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਪੁਛੱਣ'ਤੇ ਕਿ ਅੱਜ ਕੌਣ ਸਾਡੇ ਲਈ ਪਹਿਰਾ ਦੇਵੇਗਾ, ਹਜ਼ਰਤ ਇਬਾਦ ਬਿਨ ਬਸ਼ਰ ਅਤੇ ਹਜ਼ਰਤ ਅਮਾਰ ਬਿਨ ਯਾਸਿਰ ਰਜ਼ੀ ਅਲੱਾਹ ਅਨਹੁ ਅੱਗੇ ਵਧੇ ਅਤੇ ਅਰਜ਼ ਕੀਤੀ ਕਿ ਅਸੀਂ ਪਹਿਰਾ ਦਿਆਂਗੇ । ਸੋ, ਦੋਹਾਂ ਨੇ ਵਾਰੀ ਵਾਰੀ ਪਹਿਰਾ ਦਿਤੱਾ । ਰਾਤ ਨੇ

ਅੰਨ੍ਹੇਰੇ ਵਿੱਚ ਕਬੀਲਾ ਨਜਦ ਦੇ ਇਕ ਵਿਅਕਤੀ ਨੇ ਹਜ਼ਰਤ ਇਬਾਦ ਬਿਨ ਬਸ਼ਰ ਉਪੱਰ ਤੀਰ ਚਲਾਇਆ ਆਪ ਉਸ ਸਮੇਂ ਨਮਾਜ਼ ਪੜ੍ਹ ਰਹੇ ਸਨ । ਤੀਰ ਆਪ ਦੇ ਸ਼ਰੀਰ ਵਿੱਚ ਵੜ ਗਿਆ ਪਰ ਆਪ ਨਮਾਜ਼ ਪੜ੍ਹਦੇ ਰਹੇ ਇੱਥੋਂ ਤੱਕ ਕਿ ਉਸ ਨੇ ਤਿੰਨ ਵਾਰ ਤੀਰ ਮਾਰਿਆਂ ਅਤੇ ਆਪ ਦਾ ਬਹੁਤ ਰਕਤ ਵੱਗ ਗਿਆ । ਪਰ ਆਪ ਨੇ ਨਮਾਜ਼ ਨਹੀਂ ਤੋੜੀ । ਨਮਾਜ਼ ਪੂਰੀ ਕਰਕੇ ਆਪ ਨੇ ਅਮਾਰ ਬਿਨ ਯਾਸਿਰ ਨੂੰ ਜਗਾਇਆ । ਉਹਨਾਂ ਨੇ ਕਿਹਾ ਕਿ ਤੁਸੀਂ ਮੈਨੂੰ ਪਹਿਲਾਂ ਕਿਉਂ ਨ ਜਗਾਇਆ ? ਹਜ਼ਰਤ ਇਬਾਦ ਬਿਨ ਬਸ਼ਰ ਨੇ ਕਿਹਾ ਕਿ ਮੈਂ ਸੂਰਤ ਕਹਫ਼ ਦੀ ਤਲਾਵਤ ਕਰ ਰਿਹਾ ਸੀ । ਮੇਰਾ ਦਿਲ ਨਾ ਕੀਤਾ ਕਿ ਮੈਂ ਨਮਾਜ਼ ਤੋੜਾਂ । ਜੰਗੇ ਯਮਾਮਾ ਵਿੱਚ ਆਪ ਸ਼ਹੀਦ ਹੋਏ ।

ਫਿਰ ਹਜ਼ਰਤ ਸਵਾਦ ਬਿਨ ਗ਼ਜ਼ੀ ਰਜ਼ੀ ਅਲੱਾਹ ਅਨਹੁ ਅੰਸਾਰੀ ਸਨ । ਆਪ ਦਾ ਸੰਬੰਧ ਕਬੀਲਾ ਬਨੂ ਅਦੀ ਬਿਨ ਨਜਾਰ ਨਾਲ ਸੀ ਬਦਰ, ਉਹਦ, ਖ਼ੰਦਕ ਤੇ ਉਸ ਦੇ ਬਾਦ ਦੀਆਂ ਜੰਗਾ ਵਿੱਚ ਸਾਮਲ ਹੋਏ । ਬਦਰ ਦੀ ਜੰਗ ਵਿੱਚ ਇਹਨਾਂ ਨੇ ਖ਼ਾਲਿਦ ਬਿਨ ਹਸ਼ਾਮ ਮਖ਼ਜ਼ੂਮੀ ਨੂੰ ਕੈਦ ਕੀਤਾ ਸੀ ਇਕ ਰਿਵਾਇਤ ਵਿੱਚ ਆਉਂਦਾ ਹੈ ਕਿ ਆਂਹਜ਼ੂਰ ਸਲਲਾਹੁ ਅਲੈਹਿ ਵਸਲਮ ਨੇ ਆਪ ਨੂੰ ਖ਼ੈਬਰ ਦਾ ਆਮਲ ਬਣਾਕੇ ਭੇਜਿਆ ਸੀ ਆਪ ਉੱਥੋਂ ਉਮਦਾ ਖ਼ਜੂਰਾਂ ਲੈਕੇ ਆਏ ਨਬੀ ਕਰੀਮ ਸਲਲਾਹੁ ਅਲੈਹਿ ਵਸਲਮ ਨੇ ਇਕ ਸਾਇ (ਤੋਲ) ਖ਼ਜੂਰਾਂ ਦੋ ਸਾਇ (ਤੋਲ) ਆਮ ਖ਼ਜੂਰਾਂ ਦੇ ਬਦਲੇ ਖ਼ਰੀਦੀਆਂ। ਬਦਰ ਦੀ ਜੰਗ ਸਮੇਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਇਕ ਤੀਰ ਦੀ ਸਹਾਇਤਾ ਨਾਲ ਪੰਕਤੀਆਂ ਸਿੱਧੀਆਂ ਕਰ ਰਹੇ ਸਨ । ਆਪ ਦਾ ਤੀਰ ਹਜ਼ਰਤ ਸਵਾਦ ਦੇ ਸੀਨੇ ਵਿੱਚ ਚੁਭ ਗਿਆ । ਹਜ਼ਰਤ ਸਵਾਦ ਨੇ ਕਿਹਾ ਹੇ ਰਸੂਲੁਲੱਾਹ ਆਪ ਨੇ ਮੈਂਨੂੰ ਅਜਾਈਂ ਹੀ ਤੀਰ ਮਾਰਿਆ ਹੈ, ਵਲੱਾਹ ਮੈਂ ਤਾਂ ਇਸ ਦਾ ਬਦਲਾ ਲਿਆਂਗਾ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਅਤਿਅੰਤ ਵਿਨਮ੍ਰੱਤਾ ਨਾਲ ਕਿਹਾ ਸਵਾਦ ਚੰਗਾ ਤੁਸੀਂ ਵੀ ਮੈਂਨੂੰ ਤੀਰ ਮਾਰ ਲਓ । ਆਪ ਨੇ ਆਪਣੇ ਸੀਨੇ ਤੋਂ ਕਪੜਾ ਚੁੱਕ ਦਿਤੱਾ, ਸਵਾਦ ਪ੍ਰੇਮ ਨਾਲ ਅੱਗੇ ਵੱਧਿਆ ਅਤੇ ਆਪ ਦਾ ਸੀਨਾ ਚੁੰਮ ਲਿਆ । ਹਜ਼ਰਤ ਮੁਹਮੱਦ ਸਲਲੱਲਹੁ ਅਲੈਹਿ ਵਸਲਮ ਨੇ ਮੁਸਕਰਾਉਂਦਿਆਂ ਹੋਇਆ ਪੁੱਛਿਆ ਇਹ ਤੁਹਾਨੂੰ ਕੀ ਸੁੱਝੀ ? ਉਸ ਨੇ ਦਰਦ ਭਰ ਅਵਾਜ਼ ਵਿੱਚ ਅਰਜ਼ ਕੀਤੀ ਕਿ ਹੇ ਰਸੂਲੁਲੱਾਹ ! ਦੁਸ਼ਮਣ ਸਾਹਮਣੇ ਹੈ ਕੁਝ ਖ਼ਬਰ ਨਹੀਂ ਕਿ ਇੱਥੋਂ ਬਚੱਕੇ ਜਾਣਾ ਮਿਲਦਾ ਹੈ ਜਾਂ ਨਹੀਂ ਮੈਂ ਚਾਹਿਆ ਕਿ ਸ਼ਹਾਦਤ ਤੋਂ ਪਹਿਲਾਂ ਆਪ ਦੇ ਮੁਬਾਰਕ ਸ਼ਰੀਰ ਨਾਲ ਆਪਣਾ ਸ਼ਰੀਰ ਛੂਹ ਲਵਾਂ ਅਤੇ ਪਿਆਰ ਕਰਾਂ । ਇਸ'ਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਆਪ ਦੀ ਭਲਾਈ ਲਈ ਦੁਆ ਕੀਤੀ ।

ਅਲੱਾਹ ਤਆਲਾ ਇਹਨਾ ਚਮਕਦੇ ਹੋਏ ਸਤਾਰਿਆਂ ਦੇ ਦਰਜੇ ਬੁਲੰਦ ਕਰਦਾ ਚਲਾ ਜਾਏ ਅਤੇ ਸਾਨੂੰ ਵੀ ਇਸ਼ਕੇ ਰਸੂਲੇ ਅਰਬੀ ਦੀ ਸਚੱਾਈ ਨੂੰ ਸਮਝਣ ਦਾ ਦੀ ਤੌਫ਼ੀਕ ਪ੍ਰਦਾਨ ਕਰੇ ।

**Khulasa Khutba Jumma 20.07.2018**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131